# Visit of Vice President of India to Cambodia (11-13 November 2022)

November 13, 2022

.............................

## ਭਾਰਤੀ ਉਪ ਰਾਸ਼ਟਰਪਤੀ ਵੱਲੋਂ ਕੰਬੋਡੀਆ ਦਾ ਦੌਰਾ (11-13 ਨਵੰਬਰ 2022)

13 **ਅਕਤੂਬਰ**, 2022

1. ਭਾਰਤ ਦੇ ਮਾਨਯੋਗ ਉਪ ਰਾਸ਼ਟਰਪਤੀ ਸ਼੍ਰੀ ਜਗਦੀਪ ਧਨਖੜ ਨੇ 11-13 ਨਵੰਬਰ 2022 ਤੱਕ ਕੰਬੋਡੀਆ ਦਾ ਸਫਲ ਅਤੇ ਲਾਹੇਵੰਦ ਦੌਰਾ ਕੀਤਾ। ਇਸ ਫੇਰੀ ਦੌਰਾਨ ਉਨ੍ਹਾਂ ਨੇ 12 ਨਵੰਬਰ, 2022 ਨੂੰ ਹੋਏ ਆਸੀਆਨ-ਭਾਰਤ ਯਾਦਗਾਰੀ ਸੰਮੇਲਨ ਵਿੱਚ ਸ਼ਿਰਕਤ ਕੀਤੀ। ਸਾਲ 2022 ਦੌਰਾਨ ਆਸੀਆਨ-ਭਾਰਤ ਸਬੰਧਾਂ ਦੀ 30ਵੀਂ ਵਰ੍ਹੇਗੰਢ ਅਤੇ ਆਸੀਆਨ-ਭਾਰਤ ਰਣਨੀਤਕ ਭਾਈਵਾਲੀ ਦੀ 10ਵੀਂ ਵਰੇਗੰਢ ਹੈ। ਇਹ ਸਿਖਰ ਸੰਮੇਲਨ ਇਤਿਹਾਸਕ ਸੀ ਕਿਉਂਕਿ ਇਸ ਸਦਕਾ ਆਸੀਆਨ-ਭਾਰਤ ਸਬੰਧ ਵਿਆਪਕ ਰਣਨੀਤਕ ਭਾਈਵਾਲੀ ਵਾਲੇ ਹੋ ਗਏ. ਵਿਆਪਕ ਰਣਨੀਤਕ ਭਾਈਵਾਲੀ ਦੇ ਤੱਤਾਂ ਨੂੰ ਦਰਸਾਉਂਦਾ ਸਾਂਝਾ ਬਿਆਨ ਵੀ ਜਾਰੀ ਕੀਤਾ ਗਿਆ।

2. ਮਾਨਯੋਗ ਉਪ ਰਾਸ਼ਟਰਪਤੀ ਨੇ 13 ਨਵੰਬਰ, 2022 ਨੂੰ ਹੋਏ 17ਵੇਂ ਪੂਰਬੀ ਏਸ਼ੀਆ ਸਿਖਰ ਸੰਮੇਲਨ ਵਿੱਚ ਵੀ ਸ਼ਿਰਕਤ ਕੀਤੀ। ਸਿਖਰ ਸੰਮੇਲਨ ਦੌਰਾਨ ਉਨ੍ਹਾਂ ਨੇ ਇਸ ਖੇਤਰ ਵਿੱਚ ਪ੍ਰਮੁੱਖ ਨੇਤਾਵਾਂ ਦੀ ਅਗਵਾਈ ਵਾਲੇ ਫੋਰਮ ਦੇ ਰੂਪ ਵਿੱਚ EAS ਦੇ ਮਹੱਤਵ ਨੂੰ ਉਜਾਗਰ ਕੀਤਾ ਅਤੇ ਇਸਨੂੰ ਹੋਰ ਅਨੁਕੂਲ, ਲਚਕੀਲਾ ਅਤੇ ਗਤੀਸ਼ੀਲ ਬਣਾਉਣ ਲਈ ਇਸਨੂੰ ਹੋਰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਇਸ ਗੱਲ ਨੂੰ ਰੇਖਾਂਕਿਤ ਕੀਤਾ ਕਿ ਨੈਵੀਗੇਸ਼ਨ ਅਤੇ ਓਵਰਫਲਾਈਟ ਦੀ ਆਜ਼ਾਦੀ ਸਹਿਤ ਮੁਕਤ, ਖੁੱਲਾ, ਸਮਾਵੇਸ਼ੀ ਅਤੇ ਨਿਯਮ ਅਧਾਰਤ ਹਿੰਦ-ਪ੍ਰਸ਼ਾਂਤ ਖੇਤਰ ਨੂੰ ਉਤਸ਼ਾਹਿਤ ਕਰਨ ਲਈ ਈਏਐਸ ਮਹੱਤਵਪੂਰਨ ਪਲੇਟਫਾਰਮ ਹੈ। ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਆਸੀਆਨ ਦੇ ਮਹੱਤਵ ਪ੍ਰਤੀ ਭਾਰਤ ਦੀ ਵਚਨਬੱਧਤਾ ਦੁਹਰਾਉਂਦੇ ਹੋਏ ਉਨ੍ਹਾਂ ਨੇ IPOI ਅਤੇ AOIP ਦੀ ਇੱਕਸਾਰਤਾ ਦਾ ਲਾਹਾ ਲੈਕੇ ਵਧੇਰੇ ਸਹਿਯੋਗ ਦੀ ਗੱਲ ਕੀਤੀ ਅਤੇ ਸਮੁੰਦਰੀ ਸੁਰੱਖਿਆ, HARD ਅਤੇ ਸਮੁੰਦਰੀ ਸਰੋਤਾਂ ਦੇ ਟਿਕਾਊ ਵਿਕਾਸ ਵਿੱਚ EAS ਏਜੰਡੇ ਨੂੰ ਅੱਗੇ ਲਿਜਾਣ ਲਈ ਭਾਰਤ ਦੀਆਂ ਗਤੀਵਿਧੀਆਂ ਨੂੰ ਉਜਾਗਰ ਕੀਤਾ। ਮਾਨਯੋਗ ਉਪ ਰਾਸ਼ਟਰਪਤੀ ਨੇ EAS ਅਤੇ ਹਿੰਦ-ਪ੍ਰਸ਼ਾਂਤ ਖੇਤਰ ਤੋਂ ਬਾਹਰ ਵਧ ਰਹੀ ਖੁਰਾਕ ਅਤੇ ਊਰਜਾ ਸੁਰੱਖਿਆ ਨੂੰ ਰੇਖਾਂਕਿਤ ਕੀਤਾ ਅਤੇ 2023 ਵਿੱਚ ਅੰਤਰਰਾਸ਼ਟਰੀ ਬਾਜਰਾ ਸਾਲ ਦੌਰਾਨ EAS ਮੈਂਬਰਾਂ ਵੱਲੋਂ ਪੂਰੇ ਹੁੰਗਾਰੇ ਦੀ ਗੱਲ ਕੀਤੀ।

3. ਇਸ ਫੇਰੀ ਦੌਰਾਨ ਮਾਨਯੋਗ ਉਪ ਰਾਸ਼ਟਰਪਤੀ ਨੇ ਕੰਬੋਡੀਆ ਦੇ ਰਾਜਾ, ਪ੍ਰਧਾਨ ਮੰਤਰੀ, ਸੈਨੇਟ ਦੇ ਪ੍ਰਧਾਨ ਨਾਲ ਵੀ ਮੀਟਿੰਗਾਂ ਕੀਤੀਆਂ। ਸਾਰੀਆਂ ਮੀਟਿੰਗਾਂ ਵਿੱਚ ਕੰਬੋਡੀਆ ਦੀ ਲੀਡਰਸ਼ਿਪ ਨੇ ਮੁਸ਼ਕਲ ਦੀ ਘੜੀ ਸਮੇਤ ਕੰਬੋਡੀਆ ਲਈ ਭਾਰਤ ਦੀ ਹਮਾਇਤ ਦੀ ਸ਼ਲਾਘਾ ਕੀਤੀ।

4. ਮਾਨਯੋਗ ਉਪ-ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਹੰਸੇਨ ਦੀ ਮੌਜੂਦਗੀ ਵਿੱਚ ਸੱਭਿਆਚਾਰ, ਜੈਵ ਵਿਭਿੰਨਤਾ ਅਤੇ ਸਿਹਤ ਦੇ ਖੇਤਰਾਂ ਵਿੱਚ ਸਹਿਯੋਗ ਨਾਲ ਸਬੰਧਤ ਤਿੰਨ ਸਮਝੌਤਿਆਂ ਅਤੇ ਇੱਕ ਵਿੱਤ ਸਮਝੌਤੇ ਦਾ ਵਟਾਂਦਰਾ ਕੀਤਾ ਗਿਆ।

5. ਮਾਨਯੋਗ ਉਪ-ਰਾਸ਼ਟਰਪਤੀ ਨੇ ਕੰਬੋਡੀਆ ਵਿੱਚ ਤਿੰਨ ਜ਼ਿਲ੍ਹਿਆਂ ਅਤੇ ਇੱਕ ਕਮਿਊਨ ਦੇ ਖਾਤਮੇ ਲਈ 426,000 ਅਮਰੀਕੀ ਡਾਲਰ ਦੀ ਸਹਾਇਤਾ ਦਾ ਐਲਾਨ ਕੀਤਾ ਅਤੇ ਦੇਸ਼ ਲਈ ITEC ਸਲਾਟ 200 ਤੋਂ ਵਧਾ ਕੇ 250 ਅਤੇ ICCR ਵਜ਼ੀਫ਼ਿਆਂ ਦੀ ਸੰਖਿਆ 30 ਤੋਂ ਵਧਾ ਕੇ 50 ਕਰ ਦਿੱਤੀ।

6. ਇਸ ਮੌਕੇ 'ਤੇ ਮਾਨਯੋਗ ਉਪ-ਰਾਸ਼ਟਰਪਤੀ ਨੇ ਵੀਅਤਨਾਮ ਦੇ ਪ੍ਰਧਾਨ ਮੰਤਰੀ ਨਾਲ ਵੀ ਮੁਲਾਕਾਤ ਕੀਤੀ ਅਤੇ ਦੁਵੱਲੇ ਅਤੇ ਬਹੁਪੱਖੀ ਮੁੱਦਿਆਂ 'ਤੇ ਚਰਚਾ ਕੀਤੀ।

7. ਮਾਨਯੋਗ ਉਪ ਰਾਸ਼ਟਰਪਤੀ ਨੇ ਸੀਮ ਰੀਪ ਵਿੱਚ ਤਾ ਪ੍ਰੋਹਮ ਮੰਦਿਰ ਅਤੇ ਅੰਗਕੋਰ ਵਾਟ ਮੰਦਿਰ ਨਾਮ ਦੀਆਂ ਵਿਰਾਸਤੀ ਥਾਵਾਂ ਦਾ ਦੌਰਾ ਕੀਤਾ ਅਤੇ ਭਾਰਤੀ ਪੁਰਾਤੱਤਵ ਸਰਵੇਖਣ ਦੁਆਰਾ ਇਹਨਾਂ ਸੱਭਿਆਚਾਰਕ ਵਿਰਾਸਤੀ ਸਥਾਨਾਂ 'ਤੇ ਕੀਤੇ ਗਏ ਬਹਾਲੀ ਅਤੇ ਸੰਭਾਲ ਦੇ ਕੰਮ ਦਾ ਮੁਆਇਨਾ ਕੀਤਾ।

8. ਉਨ੍ਹਾਂ ਨੇ ਤਾ ਪ੍ਰੋਹਮ ਮੰਦਿਰ ਵਿਖੇ ਹਾਲ ਆਫ਼ ਡਾਂਸਰ ਦਾ ਉਦਘਾਟਨ ਕੀਤਾ। ਤਾ ਪ੍ਰੋਹਮ ਦੀ ਸੰਭਾਲ ਅਤੇ ਬਹਾਲੀ ਭਾਰਤੀ ਪੁਰਾਤੱਤਵ ਸਰਵੇਖਣ ਅਤੇ APSARA (ਅੰਗਕੋਰ ਅਤੇ ਸੀਮ ਰੀਪ ਦੇ ਖੇਤਰ ਦੀ ਸੁਰੱਖਿਆ ਅਤੇ ਪ੍ਰਬੰਧਨ ਅਥਾਰਟੀ) ਦਾ ਸਾਂਝਾ ਪ੍ਰੋਜੈਕਟ ਹੈ, ਜੋ 2011 ਤੋਂ ਨੇਪਰੇ ਚਾੜ੍ਹਿਆ ਜਾ ਰਿਹਾ ਹੈ। ਭਾਰਤ ਇਸ ਵੇਲੇ ਬਹਾਲੀ ਅਤੇ ਸੰਭਾਲ ਦੇ ਤੀਜੇ ਪੜਾਅ ਤੇ ਕੰਮ ਕਰ ਰਿਹਾ ਹੈ.

9. ਅੰਗਕੋਰ ਵਾਟ ਟੈਂਪਲ ਕੰਪਲੈਕਸ ਯੂਨੈਸਕੋ ਦੀ ਆਲਮੀ ਵਿਰਾਸਤ ਹੈ। ਭਾਰਤ ਨੇ ਕੰਬੋਡੀਆ ਦੇ ਸਮਕਾਲੀ ਇਤਿਹਾਸ ਦੇ ਸਭ ਤੋਂ ਔਖੇ ਦੌਰ ਵਿੱਚ ਸ਼ਾਮਲ ਇੱਕ ਸਮੇਂ ਦੌਰਾਨ 1986-1993 ਤੱਕ ਕੁੱਲ 40 ਲਖ ਅਮਰੀਕੀ ਡਾਲਰ ਦੀ ਲਾਗਤ ਨਾਲ ਅੰਗਕੋਰ ਵਾਟ ਦੀ ਬਹਾਲੀ ਅਤੇ ਸੰਭਾਲ ਦਾ ਕੰਮ ਕੀਤਾ।

10. ਭਾਰਤ ਦੇ ਮਾਨਯੋਗ ਉਪ ਰਾਸ਼ਟਰਪਤੀ ਦੀ ਫੇਰੀ ਸਦਕਾ ਆਸੀਆਨ ਮੈਂਬਰ ਦੇਸ਼ਾਂ, ਖਾਸ ਕਰਕੇ ਕੰਬੋਡੀਆ ਨਾਲ, ਸਾਡੇ ਨਜ਼ਦੀਕੀ ਸਬੰਧਾਂ ਦੀ ਪੁਸ਼ਟੀ ਹੋਈ।

ਨੋਮ ਪੇਨ

13 ਅਕਤੂਬਰ, 2022

DISCLAIMER: This is an approximate translation. The original is available in English on MEA's website and may be referred to as the official press release.